# ਪੰਜਾਬ ਵਿਧਾਨ ਸਭਾ

## ਬਾਰ੍ਹਵਾਂ (ਬਜਟ) ਸਮਾਗਮ

## ਨਿਸ਼ਾਨ ਵਾਲੇ ਪ੍ਰਸ਼ਨ

## 16 ਮਾਰਚ 2026

----

**ਕੁੱਲ ਪ੍ਰਸ਼ਨ 20**

----

**ਆਈ.ਟੀ.ਆਈ. ਬਾਬਾ ਬਕਾਲਾ ਦਾ ਨਾਮ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਨਾਮ ਤੇ ਰੱਖਣਾ**

***1822 ਸ. ਦਲਬੀਰ ਸਿੰਘ (ਬਾਬਾ ਬਕਾਲਾ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਬਾਬਾ ਬਕਾਲਾ ਵਿਖੇ ਸਥਿਤ ਸਰਕਾਰੀ ਆਈ.ਟੀ.ਆਈ. ਬਾਬਾ ਬਕਾਲਾ ਦਾ ਨਾਮ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਨਾਮ ਉੱਤੇ ਰੱਖਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ?

----

**ਫਾਜਿਲਕਾ ਵਿਖੇ ਨਵਾਂ 220 ਕੇ.ਵੀ. ਬਿਜਲੀ ਘਰ ਬਣਾਉਣਾ**

***1815 ਸ. ਨਰਿੰਦਰਪਾਲ ਸਿੰਘ ਸਵਨਾ (ਫਾਜ਼ਿਲਕਾ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ , ਬਿਜਲੀ** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਾਜਿਲਕਾ ਇਲਾਕੇ ਵਿੱਚ ਗਰਮੀਆਂ ਦੇ ਸਮੇਂ ਬਿਜਲੀ ਦੀ ਬਹੁਤ ਸਮੱਸਿਆ ਆਉਂਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇੱਥੇ ਇੱਕ ਨਵਾਂ 220 ਕੇ.ਵੀ. ਬਿਜਲੀ ਘਰ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਪਿੰਡ ਕੱਕਾ ਕੰਡਿਆਲਾ ਨੇੜੇ ਬਣ ਰਹੇ MDR ਤੇ S25 ਰੇਲਵੇ ਓਵਰਬ੍ਰਿਜ ਦੇ ਵੇਰਵੇ**

*1851 **ਸਰਦਾਰ ਸ. ਹਰਮੀਤ ਸਿੰਘ ਸੰਧੂ (ਤਰਨ ਤਾਰਨ):**

**ਲੋਕ ਨਿਰਮਾਣ** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਰਨ ਤਾਰਨ ਬਾਈਪਾਸ ਤੇ ਪਿੰਡ ਕੱਕਾ ਕੰਡਿਆਲਾ ਨੇੜੇ ਬਣ ਰਹੇ MDR ਤੇ S25 ਰੇਲਵੇ ਓਵਰਬ੍ਰਿਜ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਨਵੀਂ ਨਿਰਧਾਰਤ ਸਮਾਂ-ਸੀਮਾ ਕੀ ਹੈ ?

----

**ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਵਿੱਚ ਹੋ ਰਹੀ ਮਿਲਾਵਟ ਦੇ ਵੇਰਵੇ**

*1845 **ਸ਼੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**
ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਸੂਬੇ ਵਿੱਚ ਦੁੱਧ ਅਤੇ ਦੁੱਧ ਤੋਂ ਬਣਦੇ ਪਦਾਰਥਾਂ ਵਿੱਚ ਵੱਡੇ ਪੱਧਰ ਤੇ ਮਿਲਾਵਟ ਹੋ ਰਹੀ ਹੈ; ਜਿਸ ਨਾਲ ਲੋਕਾਂ ਦੀ ਸਿਹਤ ਨੂੰ ਗੰਭੀਰ ਨੁਕਸਾਨ ਪਹੁੰਚ ਰਿਹਾ ਹੈ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਸ ਸਬੰਧੀ ਕੋਈ ਜਾਂਚ ਕੀਤੀ ਗਈ ਹੈ; ਜੇਕਰ ਹਾਂ ਤਾਂ ਉਸ ਵਿੱਚ ਪਿਛਲੇ 2 ਸਾਲਾਂ ਦੌਰਾਨ ਕਿੰਨੇ ਨਮੂਨੇ ਫੇਲ੍ਹ ਪਾਏ ਗਏ, ਦੋਸ਼ੀਆਂ ਖਿਲਾਫ ਕੀ ਕਾਰਵਾਈ ਕੀਤੀ ਗਈ ਅਤੇ ਸਰਕਾਰ ਇਸ ਨੂੰ ਰੋਕਣ ਲਈ ਕੀ ਠੋਸ ਕਦਮ ਚੁੱਕ ਰਹੀ ਹੈ?

----

**ਬਰਨਾਲਾ ਜ਼ਿਲ੍ਹਾ ਅਧੀਨ ਤਹਿਸੀਲ ਪੱਧਰ ਦੀਆਂ ਅਸਾਮੀਆਂ ਦੇ ਵੇਰਵੇ**

*1831 **ਸ਼੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ (ਬਰਨਾਲਾ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਨਾਲਾ ਜ਼ਿਲ੍ਹਾ ਅਧੀਨ ਤਹਿਸੀਲਾਂ ਬਰਨਾਲਾ, ਤਪਾ ਅਤੇ ਮਹਿਲ ਕਲਾਂ ਪੈਂਦੇ ਹਨ, ਜਿੱਥੇ ਤਹਿਸੀਲ ਪੱਧਰ ਦੀਆਂ ਕੁੱਲ 9 ਮੰਨਜੂਰਸ਼ੁਦਾ ਅਸਾਮੀਆਂ (ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ) ਵਿੱਚੋਂ 6 ਆਸਾਮੀਆਂ ਪਿਛਲੇ ਸਮੇਂ ਤੋਂ ਖਾਲੀ ਪਈਆਂ ਹਨ; ਜੇਕਰ ਅਜਿਹਾ ਹੈ ਤਾਂ ਇਹਨਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

----

**ਰੋਪੜ ਦੇ ਹੈੱਡ ਵਰਕਸ ਤੇ ਇਰੀਗੇਸ਼ਨ ਮਿਊਜ਼ਿਅਮ ਬਣਾਉਣਾ**

*1825 **ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ :-**
ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸੂਬੇ ਵਿੱਚ ਕਿੰਨੇ ਇਰੀਗੇਸ਼ਨ ਮਿਊਜ਼ਿਅਮ ਹਨ;

ਅ) ਕੀ ਰੋਪੜ ਦੇ ਹੈੱਡ ਵਰਕਸ ਤੇ ਇਰੀਗੇਸ਼ਨ ਮਿਉਜ਼ਿਅਮ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਤੇ ਅਮਲ ਹੋ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ ?

----

**ਹਲਕਾ ਭਦੌੜ ਦੀ ਆਈ.ਟੀ.ਆਈ. ਨੂੰ ਦੁਬਾਰਾ ਸ਼ੁਰੂ ਕਰਨਾ**

***1838 ਸ. ਲਾਭ ਸਿੰਘ ਉਗੋਕੇ (ਭਦੌੜ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭਦੌੜ ਦੇ ਪਿੰਡ ਵਿਖੇ ਬਣੀ ਹੋਈ ਆਈ.ਟੀ.ਆਈ. ਨੂੰ ਤਿੰਨ ਮਹੀਨੇ ਚਲਾ ਕੇ ਬੰਦ ਕਰ ਦਿੱਤਾ ਗਿਆ ਸੀ; ਜੇਕਰ ਅਜਿਹਾ ਹੈ ਤਾਂ ਕੀ ਇਸ ਨੂੰ ਦੁਬਾਰਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਨੈਸ਼ਨਲ ਹਾਈਵੇਜ਼ ਦੇ ਨਿਰਮਾਣ ਦੌਰਾਨ ਪੇਂਡੂ ਸੜਕਾਂ ਦੇ ਨੁਕਸਾਨ ਦੀ ਭਰਪਾਈ ਕਰਨਾ**

***1835 ਸ਼੍ਰੀ ਅਮਿਤ ਰਤਨ ਕੋਟਫੱਤਾ ( ਬਠਿੰਡਾ ਦਿਹਾਤੀ ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਸਾਲ 2023 ਤੋਂ 2025 ਦੌਰਾਨ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (N.H.A.I.) ਵੱਲੋਂ ਪੰਜਾਬ ਵਿੱਚ ਵੱਖ-ਵੱਖ ਨੈਸ਼ਨਲ ਹਾਈਵੇਜ਼ ਦੇ ਨਿਰਮਾਣ ਦੌਰਾਨ ਵਰਤੀ ਗਈ ਭਾਰੀ ਮਸ਼ੀਨਰੀ ਕਾਰਨ ਜੋ ਪੇਂਡੂ ਸੜਕਾਂ ਨੂੰ ਨੁਕਸਾਨ ਪਹੁੰਚਿਆ ਹੈ; ਕੀ ਸਰਕਾਰ ਵੱਲੋਂ N.H.A.I ਨੂੰ ਨੁਕਸਾਨੀ ਪੇਂਡੂ ਸੜਕਾਂ ਦੀ ਮੁਰੰਮਤ ਕਰਨ ਲਈ ਕਿਹਾ ਗਿਆ ਹੈ;

**ਅ)** ਕੀ ਸਰਕਾਰ ਨੇ N.H.A.I. ਤੋਂ ਨੁਕਸਾਨ ਦੀ ਭਰਪਾਈ ਲਈ ਮੁਆਵਜ਼ਾ ਫੰਡ (Compensation Fund) ਦੀ ਵੀ ਮੰਗ ਕੀਤੀ ਹੈ, ਤਾਂ ਜੋ ਪੇਂਡੂ ਸੜਕਾਂ ਦੀ ਮੁਰੰਮਤ ਤੁਰੰਤ ਕਰਵਾਈ ਜਾ ਸਕੇ?

----

**ਟਿਊਬਵੈਲ ਕੁਨੈਕਸ਼ਨ ਲੈਣ ਲਈ ਜਮੀਨ ਤਬਾਦਲਾ ਰਜਿਸਟਰੀ ਦੀ ਸ਼ਰਤ ਹਟਾਉਣਾ**

***1841 ਸ. ਅੰਮ੍ਰਿਤਪਾਲ ਸਿੰਘ ਸੁੱਖਾਨੰਦ (ਬਾਘਾ ਪੁਰਾਣਾ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ , ਬਿਜਲੀ** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਕਿਸਾਨਾਂ ਨੂੰ ਟਿਊਬਵੈਲ ਦਾ ਕੁਨੈਕਸ਼ਨ ਲੈਣ ਲਈ ਜਮੀਨੀ ਤਬਾਦਲਾ ਰਜਿਸਟਰੀ ਕਰਵਾਉਣੀ ਪੈਂਦੀ ਹੈ; ਜੇਕਰ ਅਜਿਹਾ ਹੈ ਤਾਂ ਟਿਊਬਵੈਲ ਕੁਨੈਕਸ਼ਨ ਲੈਣ ਲਈ ਇਸ ਸ਼ਰਤ ਨੂੰ ਹਟਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਦੌਲਤਪੁਰਾ ਤੋਂ ਪਿੰਡ ਦੀਵਾਨ ਖੇੜਾ ਤੱਕ ਲਿੰਕ ਰੋਡ ਨੂੰ ਚੌੜਾ ਕਰਨਾ**

*1742 ਸ਼੍ਰੀ ਸੰਦੀਪ ਜਾਖੜ (ਅਬੋਹਰ):

**ਲੋਕ ਨਿਰਮਾਣ** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਤੋਂ ਸ਼੍ਰੀ ਗੰਗਾਨਗਰ ਰਾਸ਼ਟਰੀ ਰਾਜਮਾਰਗ ਨੰ.62 ਅਤੇ ਦੌਲਤਪੁਰਾ (ਗਊਸ਼ਾਲਾ) ਤੋਂ ਪਿੰਡ ਦੀਵਾਨ ਖੇੜਾ ਤੱਕ ਲਿੰਕ ਰੋਡ ਨੂੰ ਚੌੜਾ ਕਰਨ ਦਾ ਕੰਮ ਕਦੋਂ ਤੱਕ ਪੂਰਾ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

----

ਜਮੀਨ ਦੋਜ ਪਾਈਪਾਂ ਪਾਉਣ ਲਈ ਫੰਡ ਜਾਰੀ ਕਰਨਾ

*1857 ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ):

**ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ 277 ਮੋਘਿਆਂ ਵਿੱਚ ਜਮੀਨ ਦੋਜ਼ ਪਾਈਪਾਂ ਪਾਉਣ ਲਈ ਜਾਂ ਨਵੇਂ ਖਾਲ ਬਣਾਉਣ ਲਈ ਸ਼ਨਾਖਤ ਕੀਤੀ ਗਈ ਸੀ ਜਿਨ੍ਹਾਂ ਵਿੱਚੋਂ ਸਿਰਫ 100 ਦੇ ਲਗਭਗ ਮੋਘਿਆਂ ਤੇ ਪਾਈਪਾਂ ਜਾਂ ਖਾਲ ਬਣ ਗਏ ਹਨ ਪ੍ਰੰਤੂ 157 ਦੇ ਕਰੀਬ ਮੋਘਿਆਂ ਤੇ ਪਾਈਪਾਂ ਪਾਉਣਾ ਬਾਕੀ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਵਿਭਾਗ ਇਹਨਾਂ ਮੋਘਿਆਂ ਤੇ ਜਮੀਨ ਦੋਜ ਪਾਈਪਾਂ ਪਾਉਣ ਲਈ ਲੋੜੀਂਦਾ ਫੰਡ ਦੇਣ ਦਾ ਵਿਚਾਰ ਰੱਖਦਾ ਹੈ; ਜੇਕਰ ਹਾਂ ਤਾਂ ਕਦੋਂ ਤੱਕ ?

----

ਦੁਨੇਰਾ ਪ੍ਰਾਈਮਰੀ ਹੈਲਥ ਸੈਂਟਰ ਵਿਖੇ ਐਮਰਜੈਂਸੀ ਦੀ ਸੁਵਿਧਾ ਉਪਲੱਬਧ ਕਰਵਾਉਣਾ

*1750 ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ):

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦੁਨੇਰਾ ਪ੍ਰਾਇਮਰੀ ਹੈਲਥ ਸੈਂਟਰ 3 ਵਜੇ ਤੋਂ ਬਾਅਦ ਬਿਲਕੁਲ ਬੰਦ ਹੋ ਜਾਂਦਾ ਹੈ ਅਤੇ ਇਥੇ ਕੋਈ ਵੀ ਡਾਕਟਰ ਉਪਲਬਧ ਨਾ ਹੋਣ ਕਾਰਨ ਜਨਤਾ ਨੂੰ ਐਮਰਜੈਂਸੀ ਦੀ ਸੁਵਿਧਾ ਪ੍ਰਾਪਤ ਨਹੀਂ ਹੁੰਦੀ; ਜੇਕਰ ਅਜਿਹਾ ਹੈ ਤਾਂ ਇਥੇ ਐਮਰਜੈਂਸੀ ਦੀ ਸੁਵਿਧਾ ਕਦੋਂ ਤੱਕ ਦੇ ਦਿੱਤੀ ਜਾਵੇਗੀ?

----

ਹਲਕਾ ਸ਼ੁਤਰਾਨਾ/ਪਾਤੜਾਂ ਵਿਖੇ ਲੜਕੀਆਂ ਦਾ ਸਰਕਾਰੀ ਕਾਲਜ਼ ਖੋਲ੍ਹਣਾ

*1827 ਸ. ਕੁਲਵੰਤ ਸਿੰਘ ਬਾਜੀਗਰ (ਸ਼ੁਤਰਾਣਾ):

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ** ਕੀ ਉੱਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਾਤੜਾਂ ਵਿਖੇ ਲੜਕੀਆਂ ਦਾ ਕੋਈ ਕਾਲਜ਼ ਨਹੀਂ ਹੈ, ਜਿਸ ਕਾਰਨ ਬੱਚੀਆਂ ਨੂੰ ਉੱਚੇਰੀ ਸਿੱਖਿਆ ਲਈ ਹਲਕੇ ਤੋਂ ਬਾਹਰ ਦੂਰ-ਦੁਰਾਡੇ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਹਲਕਾ ਸ਼ੁਤਰਾਨਾ/ਪਾਤੜਾਂ ਵਿਖੇ ਲੜਕੀਆਂ ਦਾ ਸਰਕਾਰੀ ਕਾਲਜ਼ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਤੇ ਅਮਲ ਹੋ ਜਾਵੇਗਾ?

----

ਰਜਿਸਟਰੀ ਸਮੇਂ ਹੀ ਮਾਲਕੀ ਵਿਅਕਤੀ ਦੇ ਨਾਮ ਤੇ ਕਰਨਾ

***1840 ਸ. ਅੰਮ੍ਰਿਤਪਾਲ ਸਿੰਘ ਸੁੱਖਾਨੰਦ (ਬਾਘਾ ਪੁਰਾਣਾ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਜਮੀਨ ਮਾਲਕਾਂ ਵੱਲੋਂ ਜਮੀਨ ਖਰੀਦ ਕੇ ਆਪਣਾ ਨਾਮ ਜਮ੍ਹਾਂ ਬੰਦੀ ਵਿੱਚ ਦਰਜ ਨਹੀਂ ਕਰਵਾਇਆ ਜਾਂਦਾ ਹੈ ਜਿਸ ਨਾਲ ਕਈ ਵਾਰੀ ਬਾਹਰੀ ਵਿਅਕਤੀ ਉਸ ਜਮੀਨ ਉੱਤੇ ਕਬਜਾ ਕਰ ਲੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਗਿਰਦਾਵਰੀ ਨੂੰ ਖਤਮ ਕਰਕੇ ਰਜਿਸਟਰੀ ਦੇ ਸਮੇਂ ਹੀ ਮਾਲਕੀ ਵਿਅਕਤੀ ਦੇ ਨਾਮ ਤੇ ਪੂਰੇ ਤਰੀਕੇ ਨਾਲ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜੇਕਰ ਹੈ ਤਾਂ ਕਦੋਂ ਤੱਕ?

----

## ਹਲਕਾ ਰਾਮਪੁਰਾ ਫੂਲ ਵਿਖੇ ਬਠਿੰਡਾ ਚੰਡੀਗੜ੍ਹ ਨੈਸ਼ਨਲ ਹਾਈਵੇ ਤੇ ਬ੍ਰਿਜ ਬਣਾਉਣਾ

***1844 ਸ੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):**

**ਲੋਕ ਨਿਰਮਾਣ** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਰਾਮਪੁਰਾ ਫੂਲ ਵਿਖੇ ਬਠਿੰਡਾ ਚੰਡੀਗੜ੍ਹ ਨੈਸ਼ਨਲ ਹਾਈਵੇ ਮੌੜ ਚੌਕ ਅਤੇ ਟੀ-ਪੁਆਇੰਟ ਬੱਸ ਸਟੈਂਡ ਤੇ ਅਕਸਰ ਗੰਭੀਰ ਸੜਕ ਹਾਦਸੇ ਵਾਪਰਦੇ ਰਹਿੰਦੇ ਹਨ; ਜੇਕਰ ਅਜਿਹਾ ਹੈ ਤਾਂ ਉਕਤ ਸਥਾਨ ਤੇ ਫਲਾਈਓਵਰ/ਬ੍ਰਿਜ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਬਿਜਲੀ ਦੇ ਖੰਭੇ ਲਗਾਉਣ ਲਈ ਨੀਤੀ ਬਣਾਉਣਾ

***1836 ਸ. ਲਾਭ ਸਿੰਘ ਉਗੋਕੇ (ਭਦੌੜ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ , ਬਿਜਲੀ** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਿਜਲੀ ਵਿਭਾਗ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਨੂੰ ਤਾਰਾਂ ਰਾਹੀਂ ਬਿਜਲੀ ਦੀ ਸਪਲਾਈ ਪਹੁੰਚਾਉਣ ਲਈ ਬਿਜਲੀ ਦੇ ਖੰਭੇ ਬਿਨਾਂ ਕਿਸੇ ਜਾਣਕਾਰੀ ਲਏ ਕਿਸੇ ਦੀ ਵੀ ਮਲਕੀਅਤ ਵਿੱਚ ਬਿਨਾਂ ਮਾਲਕ ਦੀ ਆਗਿਆ ਤੋਂ ਲਗਾ ਦਿੱਤੇ ਜਾਂਦੇ ਹਨ ਅਤੇ ਮਾਲਕ ਵੱਲੋਂ ਜੇਕਰ ਉਨ੍ਹਾਂ ਨੂੰ ਹਟਾਉਣ ਲਈ ਕਿਹਾ ਜਾਂਦਾ ਹੈ ਤਾਂ ਮਹਿਕਮੇ ਵੱਲੋਂ ਫੀਸ ਭਰਵਾਈ ਜਾਂਦੀ ਹੈ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਕੋਈ ਨੀਤੀ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਹਲਕਾ ਬਠਿੰਡਾ ਦਿਹਾਤੀ ਵਿਖੇ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣਾ

***1817 ਸ੍ਰੀ ਅਮਿਤ ਰਤਨ ਕੋਟਫੱਤਾ ( ਬਠਿੰਡਾ ਦਿਹਾਤੀ ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਠਿੰਡਾ ਦਿਹਾਤੀ ਵਿੱਚ ਇਸ ਵੇਲੇ ਇਕ ਵੀ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਨਹੀਂ ਹੈ, ਜਿਸ ਕਾਰਨ ਕੁੜੀਆਂ ਨੂੰ ਪੜ੍ਹਾਈ ਲਈ ਦੂਰ-ਦੁਰਾਡੇ ਇਲਾਕਿਆਂ ਵਿੱਚ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਪਿੰਡ ਕੋਟਸ਼ਮੀਰ, ਕੋਟਫੱਤਾ ਜਾਂ ਪਥਰਾਲਾ ਵਿੱਚ ਨਵਾਂ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣ ਜਾਂ ਮੌਜੂਦਾ ਸਕੂਲ ਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਆਦਮਪੁਰ ਹਲਕੇ ਅੰਦਰ ਪੈਂਦੀਆਂ ਮੰਡੀ ਬੋਰਡ ਦੀਆਂ ਸੜਕਾਂ ਦੇ ਨਿਰਮਾਣ ਲਈ ਜਾਰੀ ਕੀਤੀ ਰਕਮ ਦੇ ਵੇਰਵੇ

***1800 ਸ. ਸੁਖਵਿੰਦਰ ਸਿੰਘ ਕੋਟਲੀ ( ਆਦਮਪੁਰ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਆਦਮਪੁਰ ਹਲਕੇ ਅੰਦਰ ਪੈਂਦੀਆਂ ਮੰਡੀ ਬੋਰਡ ਦੀਆਂ ਸੜਕਾਂ ਦੇ ਨਿਰਮਾਣ ਲਈ ਸਰਕਾਰ ਦੁਆਰਾ ਪਿਛਲੇ ਚਾਰ ਸਾਲਾਂ ਦੌਰਾਨ ਕਿੰਨ੍ਹੀ ਰਕਮ ਜਾਰੀ ਕੀਤੀ ਗਈ ਹੈ, ਉਸ ਰਕਮ ਵਿੱਚੋਂ ਕਿਹੜੀਆ ਸੜਕਾਂ ਦੇ ਕੰਮ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਜਿਨ੍ਹਾਂ ਸੜਕਾਂ ਦੇ ਨਿਰਮਾਣ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ, ਉਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

## ਹਲਕਾ ਬੁਢਲਾਡਾ ਦੇ ਵਾਟਰ ਵਰਕਸ ਦੇ ਵੇਰਵੇ

***1856 ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ :-**

ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਹਲਕਾ ਬੁਢਲਾਡਾ ਵਿੱਚ ਕੁੱਲ ਕਿੰਨੇ ਵਾਟਰ ਵਰਕਸ ਹਨ ਅਤੇ ਇਹਨਾਂ ਵਿੱਚੋਂ ਕਿੰਨੇ ਵਾਟਰ ਵਰਕਸ ਅਜਿਹੇ ਹਨ ਜੋ ਧਰਤੀ ਹੇਠਲਾ ਪਾਣੀ ਹੀ ਲੋਕਾਂ ਨੂੰ ਸਪਲਾਈ ਕਰਦੇ ਹਨ;

ਅ) ਕੀ ਇਹਨਾਂ ਵਾਟਰ ਵਰਕਸਾਂ ਨੂੰ ਨਹਿਰੀ ਪਾਣੀ ਦੇ ਆਧਾਰ ਤੇ ਲਿਆਉਣ ਲਈ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ?

----

## ਅਟਾਰੀ ਤੋਂ ਕਪੂਰਥਲਾ ਤੱਕ ਜਾਣ ਵਾਲੇ ਮਹੱਤਪੂਰਨ ਸੜਕ ਮਾਰਗ ਵੱਲ ਧਿਆਨ ਦਿਵਾਉਣਾ

***1852 ਸਰਦਾਰ ਸ. ਹਰਮੀਤ ਸਿੰਘ ਸੰਧੂ (ਤਰਨ ਤਾਰਨ):**

**ਲੋਕ ਨਿਰਮਾਣ** ਕੀ ਲੋਕ ਨਿਰਮਾਣ ਮੰਤਰੀ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਟਾਰੀ (ਸਰਹੱਦੀ ਇਲਾਕਾ) ਤੋਂ ਸਰਾਏ ਅਮਾਨਤ ਖਾਂ, ਤਾਰਨ ਤਾਰਨ, ਗੋਇੰਦਵਾਲ ਸਾਹਿਬ, ਸੁਲਤਾਨਪੁਰ ਲੋਧੀ ਰਾਹੀਂ ਕਪੂਰਥਲਾ ਤੱਕ ਜਾਣ ਵਾਲੇ ਮਹੱਤਪੂਰਨ ਸੜਕ ਮਾਰਗ ਦੀ ਉਸਾਰੀ ਲਈ ਕੋਈ ਪ੍ਰਾਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਨੂੰ ਅਮਲੀ ਰੂਪ ਦੇ ਦਿੱਤਾ ਜਾਵੇਗਾ ?

----

**ਚੰਡੀਗੜ੍ਹ - 160001.** **ਰਾਮ ਲੋਕ ਖਟਾਣਾ,**
**13 ਮਾਰਚ 2026.** **ਸਕੱਤਰ**